ਪੰਜਾਬੀਆਂ ਦਾ ਮਨਪਸੰਦ
ਮੁਲਾਕਾਤ
MULAQAT
ਮਾਰਚ-ਅਪ੍ਰੈਲ-2007
15/-
U.K. : 1.50$
U.S.A. : 2.00$
CANADA : 3.00$
EUROPE : 2.00 EURO

# ਜਰਮਨ ਦਾ ਹੈਪੀ ਬੈਗਪਾਈਪਰ ਡਾਂਸ ਗਰੁੱਪ

ਜਰਮਨੀ ਦੇ ਸ਼ਹਿਰ ਬਰਿਮਨ ਦੇ ਲਾਗੇ ਇਕ ਪਿੰਡ ਵਿਚ ਵਸਦੇ ਫਲਕ ਪਾਊਲਟ ਕਲਾ ਨੂੰ ਪ੍ਰਣਾਇਆ ਹੋਇਆ ਹੈ। ਉਸਦਾ ਪੂਰਾ ਪਰਿਵਾਰ ਕਲਾ ਨੂੰ ਪਿਆਰ ਕਰਦਾ ਹੈ। ਉਸਨੇ ਕਿਸੇ ਸ਼ਹਿਰ ਵਿਚ ਰੈਣ ਬਸੇਰਾ ਨਹੀਂ ਕੀਤਾ ਸਗੋਂ ਪਿੰਡ ਦੀਆਂ ਖੁਲ੍ਹੀਆਂ ਹਵਾਵਾਂ ਵਿਚ ਆਪਣਾ ਘਰ ਬਣਾਇਆ ਹੈ। ਸਰਦੀਆਂ ਵਿਚ ਬਰਫ ਨਾਲ ਸਫੈਦ ਹੋਈ ਕਾਇਨਾਤ ਅਤੇ ਗਰਮੀਆਂ ਦੀ ਨਿਘੀ ਨਿਘੀ ਧੁੱਪ ਵਿਚ ਉਸ ਦੀਆਂ ਸੰਗੀਤਕ ਧੁਨਾਂ ਗੂੰਜਦੀਆਂ ਰਹਿੰਦੀਆਂ ਹਨ। ਉਸ ਦੀ ਪਤਨੀ ਅਤੇ ਧੀ ਵੀ ਉਸਦੇ ਹੈਪੀ ਜਰਮਨ ਬੈਗਪਾਈਪਰ ਡਾਂਸ ਅਤੇ ਬੈਂਡ ਗਰੁਪ ਵਿਚ ਕੰਮ ਕਰਦੀਆਂ ਹਨ। ਵੀਹ ਸਾਲ ਤੋਂ ਵੀ ਵੱਧ ਸਮੇਂ ਤੋਂ ਹੈਪੀ ਜਰਮਨ ਬੈਗਪਾਈਪਰਜ ਡਾਂਸ ਗਰੁੱਪ ਜਰਮਨੀ ਵਿਚ ਸਭ ਤੋਂ ਅਨੋਖਾ ਬੈਗਪਾਈਪ ਬੈਂਡ ਬਣਿਆ ਹੋਇਆ ਹੈ। ਇਸ ਬੈਂਡ ਨੂੰ ਸਕਾਟਲੈਂਡ, ਹੰਗਰੀ, ਬੁਲਗਾਰੀਆ ਅਤੇ ਕਰੋਸ਼ੀਆ ਵਿਚ ਬਹੁਤ ਵੱਡੀ ਅੰਤਰ-ਰਾਸ਼ਟਰੀ ਸਫਲਤਾ ਮਿਲੀ ਹੈ। ਦੂਸਰੀ ਖਾਸ ਗੱਲ ਮਹਾਰਾਣੀ ਦੇ 100ਵੇਂ ਜਨਮ ਦਿਨ 'ਤੇ ਉਨ੍ਹਾਂ ਦੇ ਸਨਮਾਨ ਵਿਚ ਬ੍ਰਿਟਿਸ਼ ਮੈਦਾਨ ਵਿਚ ਹੈਨੋਵਰ ਵਿਚ 2000 ਵਿਚ ਸ਼ਾਨਦਾਰ ਨਾਚ ਸੀ। ਉਨ੍ਹਾਂ ਦੇ ਰੇਡੀਓ ਅਤੇ ਟੈਲੀਵੀਜਨ 'ਤੇ ਹੋਏ ਪ੍ਰਦਰਸ਼ਨਾ ਤੋਂ ਇਹ ਫੈਸਲਾ ਕਰਨਾ ਮੁਸ਼ਕਿਲ ਹੈ ਕਿ ਇਹ ਬੈਂਡ ਸਿਖਿਆਰਥੀਆਂ ਤੋਂ ਬਣਿਆ ਹੋਇਆ ਹੈ ਜਾਂ ਪੇਸ਼ੇਵਰਾਂ ਤੋਂ। ਹੈਪੀ ਜਰਮਨ ਬੈਗਪਾਈਪਰਜ ਦੇ ਕਾਮੇਡੀ ਸ਼ੋਅ ਵਿਚ ਹਰੇਕ ਵਿਅਕਤੀ ਕਈ ਕੁਝ ਨਾ ਕੁਝ ਹੈ ਅਤੇ ਇਸ ਵਿਚ ਰਾਕ ਐਂਡ ਰੋਲ, ਲੋਕ ਗੀਤ, ਸਕਾਟਿਸ਼ ਪ੍ਰੰਪਰਿਕ ਸੰਗੀਤ, ਸਾਂਬਾ, ਚਾ-ਚਾ ਅਤੇ ਅਰਬੀਅਨ ਬੈਲ ਡਾਂਸ ਸ਼ਾਮਲ ਹਨ। ਦਰਸ਼ਕਾਂ ਨੂੰ ਕੋਈ ਪਤਾ ਨਹੀਂ ਹੁੰਦਾ ਕਿ ਬੈਂਡ ਵਾਲੇ ਮਜਾਕ ਕਰ ਰਹੇ ਹਨ ਜਾਂ ਗੰਭੀਰ ਹਨ। ਅਲੱਗ-ਅਲੱਗ ਪਹਿਰਾਵਿਆਂ ਦੇ ਨਾਲ-ਨਾਲ ਸੰਗੀਤ ਦੇ ਦਰਾਂ ਵਿਚ ਆਉਂਦੇ ਨਿਰੰਤਰ ਬਦਲਾਅ ਹਰੇਕ ਪੇਸ਼ਕਾਰੀ ਨੂੰ ਇਕ ਨਵੀਂ ਰੂਹ ਦਿੰਦਾ ਹੈ। ਇਥੋਂ ਤਕ ਕਿ ਹੈਪੀ ਜਰਮਨ ਬੈਗਪਾਈਪਰਜ ਵਲੋਂ ਪੇਸ਼ ਕੀਤਾ ਗਿਆ ਪ੍ਰੰਪਰਿਕ ਸਕਾਟਿਸ਼ ਬੈਗਪਾਈਪ ਇਕ ਅਜਿਹਾ ਅਨੁਭਵ ਹੈ ਜਿਸਨੂੰ ਗੁਆਇਆ ਨਹੀਂ ਜਾਣਾ ਚਾਹੀਦਾ।

ਇਕ ਹੋਰ ਖਾਸ ਅਨੁਭਵ ਮਲਿਕਾ ਦੁਆਰਾ ਪੇਸ਼ ਕੀਤਾ ਓਰੀਐਂਟਲ ਬੈਲੀ ਡਾਂਸ ਦੇ ਨਾਲ ਬੈਗਪਾਈਪ ਸੰਗੀਤ ਹੈ। ਰੌਕਿੰਗ ਟੈਡੀਬੀਅਰਜ ਅਤੇ ਉਨ੍ਹਾਂ ਦੇ ਡਾਂਸ ਰੁਟੀਨ 1960 ਤੋਂ ਹੈਪੀ ਜਰਮਨ ਬੈਗਪਾਈਪਰਜ ਦੁਆਰਾ ਵਜਾਏ ਰਾਕ ਐਂਡ ਰੋਲ ਦੇ ਸੰਗੀਤ ਦਾ ਸਾਥ ਦੇ ਰਹੇ ਹਨ।







